# ਬਲਰਾਜ ਸਾਹਨੀ ਦੀ ਭਾਅ ਜੀ ਦੇ ਨਾਂ ਚਿੱਠੀ

ਮੇਰੇ ਪਿਆਰੇ ਗੁਰਸ਼ਰਨ,

ਜਿਹੜਾ ਕੰਮ ਬਹੁਤ ਪਹਿਲਾਂ ਕਰਨਾ ਸੀ, ਪਛੜ ਕੇ ਓਦੋਂ ਕਰ ਰਿਹਾ ਹਾਂ, ਜਦੋਂ ਸੱਜਰੇ ਪ੍ਰਭਾਵ ਮੱਧਮ ਪੈ ਚੁੱਕੇ ਹਨ। ਤੁਹਾਨੂੰ ਯਾਦ ਹੋਵੇਗਾ ਨਾਟਕ-ਉਤਸਵ ਤੋਂ ਅਗਲੇ ਦਿਨ ਮੈਂ ਗੁਰਦਿਆਲ ਸਿੰਘ ਫੁੱਲ ਤੇ ਦੂਜੇ ਕੁਝ ਇਕ ਮਿੱਤਰਾਂ ਨਾਲ ਖੇਮਕਰਨ ਦੀ 'ਸੈਰ' ਕਰਨ ਗਿਆ ਸਾਂ। ਜੰਗ-ਪੀੜਤਾਂ ਦੀ ਹਾਲਤ ਵੇਖ ਕੇ ਕੰਬ ਗਿਆ। ਵਾਪਸ ਆ ਕੇ ਰੁਝੇਵਿਆਂ ਦੀ ਭੀੜ-ਭਾੜ ਵਿਚੋਂ ਜੋ ਸਮਾਂ ਕੱਢ ਸਕਿਆ ਸੁਹਿਰਦ ਮਿੱਤਰਾਂ ਦਾ ਧਿਆਨ ਖੇਮਕਰਨ ਵੱਲ ਖਿੱਚਣ ਵਿਚ ਲਗਾ ਦਿੱਤਾ। ਕੁਝ ਸਫ਼ਲ ਵੀ ਹੋਇਆ ਹਾਂ, ਜਿਸ ਕਾਰਨ ਸੰਤੁਸ਼ਟ ਵੀ ਹਾਂ।

ਹੁਣ ਸੰਖੇਪ ਵਿਚ ਤੁਹਾਡੇ ਨਾਟਕ-ਸਮਾਗਮ ਬਾਰੇ ਮੈਂ ਆਪਣੇ ਵਿਚਾਰ ਤੁਸਾਂ ਅੱਗੇ ਰੱਖਾਂਗਾ। ਇਨ੍ਹਾਂ ਨੂੰ ਆਕਾਸ਼-ਵਾਣੀ ਨਾ ਸਮਝ ਲੈਣਾ।

ਮੇਰੇ ਉੱਪਰ ਸਭ ਤੋਂ ਡੂੰਘਾ ਪ੍ਰਭਾਵ ਤੁਹਾਡੀ ਇਕਾਗਰ ਅਤੇ ਨਿਸ਼ਕਾਮ ਕਰਮਸ਼ੀਲਤਾ ਦਾ ਪਿਆ। ਇਸ ਨੂੰ ਮੈਂ ਵਿਵਹਾਰਿਕਤਾ ਵੀ ਆਖ ਸਕਦਾ ਸਾਂ, ਪਰ ਉਸ ਵਿਚੋਂ ਪੈਸੇ ਵੱਟਣ ਦੀ ਖ਼ਾਹਿਸ਼ ਦਾ ਝੌਲਾ ਪੈਂਦਾ ਹੈ, ਜੋ ਤੁਹਾਡੀ ਨਹੀਂ ਸੀ।

ਮੈਂ ਏਸ ਸਪਿਰਿਟ ਦਾ ਬਹੁਤ ਮੁੱਲ ਪਾਂਦਾ ਹਾਂ। ਨਾਟਕ ਦੀ ਆਪਣੀ ਹਸਤੀ ਹੈ, ਆਪ ਉਹ ਇਕ ਮਿਸ਼ਨ ਹੈ ਅਤੇ ਮਨੋਰਥ ਵੀ। ਨਾ ਉਹ ਸ਼੍ਰੀਮੰਤਾਂ, ਨੇਤਾਵਾਂ ਅਤੇ ਪਾਰਟੀਆਂ ਦਾ ਮੁਹਤਾਜ ਹੈ ਅਤੇ ਨਾ ਉਨ੍ਹਾਂ ਦਾ ਸੇਵਕ। ਕਿਸੇ ਦੇ ਆਉਣ ਨਾਲ ਨਾਟਕ ਦੀ ਸ਼ਾਨ ਵਧਦੀ ਨਹੀਂ, ਤੇ ਨਾ ਆਉਣ ਨਾਲ ਘਟਦੀ ਨਹੀਂ। ਨਾਟਕ ਖੇਡਣ ਵਾਲਿਆਂ ਦਾ ਇਸ਼ਟ ਦੇਵ ਹੈ, ਜਨਤਾ। ਜਨਤਾ ਦਾ ਵੀ ਉਹ ਅੰਗ ਜਿਸ ਦੇ ਜੀਵਨ ਵਿਚ ਵਿਲਾਸਤਾ ਦਾ ਅੰਸ਼ ਘੱਟ ਤੇ ਕਿਰਤ ਦਾ ਜ਼ਿਆਦਾ ਹੈ, ਜੋ ਸਦਾ ਤੋਂ ਕਲਚਰ ਦਾ ਸੁਰਖਸ਼ਕ ਅਤੇ ਵਿਗਾਸਕ ਚਲਿਆ ਆਇਆ ਹੈ।

ਮੈਨੂੰ ਤੁਹਾਡੇ ਆਰੰਭਲੇ ਸ਼ਬਦ ਬਹੁਤ ਪਸੰਦ ਆਏ, 'ਪਹਿਲਾਂ ਅਸੀਂ ਇਕ ਛੋਟਾ ਨਾਟਕ ਖੇਡਾਂਗੇ, ਫੇਰ ਬਲਰਾਜ ਜੀ ਤੁਹਾਡੇ ਸਾਮ੍ਹਣੇ ਆਪਣੇ ਵਿਚਾਰ ਰੱਖਣਗੇ ਅਤੇ ਉਤਸਵ ਨੂੰ ਉਘਾੜਨਗੇ। ਅਸਾਂ ਵੱਲੋਂ ਜੋ ਕਹਿਣ ਜੋਗਾ ਹੋਵੇਗਾ, ਆਪਣੇ ਨਾਟਕਾਂ ਰਾਹੀਂ ਕਹਾਂਗੇ।'

ਬੜਾ ਸ੍ਵੈਮਾਣ ਸੀ ਇਨ੍ਹਾਂ ਸ਼ਬਦਾਂ ਵਿਚ, ਅਤੇ ਨਵੇਂ ਜ਼ਮਾਨੇ ਦੇ ਅਨੁਕੂਲ ਸਨ ਇਹ। ਰੰਗਮੰਚ ਉੱਤੇ ਭਾਸ਼ਣਾਂ ਦਾ ਕੋਈ ਕੰਮ ਨਹੀਂ। ਤੁਸਾਂ ਇਕ ਫ਼ਰਸੂਦਾ ਅਤੇ ਨਿਕੰਮੀ ਪਰੰਪਰਾ ਨੂੰ ਦਲੇਰੀ ਨਾਲ ਤਿਲਾਂਜਲੀ ਦਿੱਤੀ। ਏਸ ਦੇ ਨਾਲ-ਨਾਲ ਪ੍ਰਮੁੱਖ ਵਿਅਕਤੀਆਂ, ਅਫਸਰਾਂ ਅਤੇ ਮਿਹਰਬਾਨਾਂ ਨੂੰ "ਕੰਪਲੀਮੈਂਟਰੀ" ਸੱਦੇ-ਪੱਤਰ ਅਤੇ "ਪਾਸ" ਭੇਜਣ ਦੀ ਪ੍ਰਥਾ ਵੀ ਇਕਦਮ ਖ਼ਤਮ ਹੋ ਜਾਣੀ ਚਾਹੀਦੀ ਹੈ।

ਤੁਸੀਂ ਬੜੀ ਦਲੇਰੀ ਨਾਲ ਦਰਸ਼ਕਾਂ ਨੂੰ ਚੱਲਦੇ ਨਾਟਕ ਦੇ ਦੌਰਾਨ ਸਟੇਜ ਅੱਗੇ ਟੁਰਨ-ਫਿਰਨ ਤੋਂ ਵਰਜਿਆ। ਇਹ ਵੀ ਇਕ ਜ਼ਰੂਰੀ ਤੇ ਉੱਤਮ ਚੇਤਾਵਨੀ ਸੀ। ਨਾਟਕ ਦੀ ਜਿੰਦ-ਜਾਨ ਉਹਦਾ ਪ੍ਰਬੰਧ ਅਤੇ ਸਲੀਕਾ ਹੁੰਦਾ ਹੈ। ਤੁਸਾਂ ਵੇਖਿਆ ਹੀ ਹੋਵੇਗਾ ਕਿ ਤੁਹਾਡੇ ਸ਼ਬਦਾਂ ਦਾ ਕਿਸੇ ਨੇ ਵੀ ਬੁਰਾ ਨਹੀਂ ਸੀ ਮਨਾਇਆ ਅਤੇ ਆਵਾਜਾਈ ਲਗਭਗ ਬੰਦ ਹੋ ਗਈ ਸੀ।

ਤੁਹਾਡੀ ਸੈਟਿੰਗ ਅਤੇ ਲਾਈਟਿੰਗ ਵਿਚ ਵੀ ਬੇਲੋੜੀ ਦਿਖਾਵਟ ਅਤੇ ਸਟੰਟਬਾਜ਼ੀ ਦਾ ਅਭਾਵ ਸੀ। ਜੋ ਵੀ ਕੀਤਾ ਗਿਆ ਉਹਦਾ ਮਕਸਦ ਸੀ। ਇਸ ਲਈ ਉਸ ਵਿਚ ਸਾਦਗੀ ਦੇ ਨਾਲ-ਨਾਲ ਸਜੀਵਤਾ ਵੀ ਸੀ।

ਪਰ ਸਾਦਗੀ ਬਜ਼ਾਤੇ-ਖ਼ੁਦ ਕੋਈ ਸਿਫ਼ਤ ਨਹੀਂ। ਕਈ ਲੋਕ ਇਹਨੂੰ ਵੀ ਇਕ ਢਕਵੰਜ ਬਣਾ ਲੈਂਦੇ ਹਨ, ਜਿਵੇਂ ਕਿਸੇ ਜ਼ਮਾਨੇ ਇਪਟਾ ਵਿਚ ਅਸੀਂ ਆਪ ਬਣਾਂਦੇ ਸਾਂ। ਸੈਟਿੰਗ ਅਤੇ ਲਾਈਟਿੰਗ ਵਿਚ ਸਾਦਗੀ ਦਾ ਮਤਲਬ ਸੁਹਜ ਦੀ ਘਾਟ ਕਦੇ ਨਹੀਂ ਹੋਣਾ ਚਾਹੀਦਾ। ਏਸ ਪੱਖ ਤੋਂ ਕਿਤੇ ਤੁਸੀਂ ਕਸੂਰਵਾਰ ਰਹੇ। ਮੰਚ ਉੱਪਰ ਰੰਗੀਨ ਅਤੇ ਲਕੀਰਦਾਰ ਦਰੀ ਵਿਛਾ ਦੇਣੀ ਸੁਹਜ ਦੀ ਘਾਟ ਸੀ।

ਮਸਲਨ "ਮੁੱਠੀ ਭਰ ਚਾਵਲ" ਵਿਚ ਏਸ ਦਰੀ ਨੇ ਨਾਟਕ ਦੀ ਯਥਾਰਥਕਤਾ ਨੂੰ ਭਾਰੀ ਸੱਟ ਮਾਰੀ। ਜੇ ਵਿਛਾਣੀ ਜ਼ਰੂਰੀ ਸੀ ਤਾਂ ਕੋਈ ਅੱਖਾਂ ਨੂੰ ਨਾ ਚੁਭਣ ਵਾਲੀ ਦਰੀ ਤਲਾਸ਼ ਕਰਨੀ ਚਾਹੀਦੀ ਸੀ।

ਡਰਾਮਿਆਂ ਦੇ ਦੌਰਾਨ ਲੰਮੇ ਵਕਫ਼ਿਆਂ ਦਾ ਨਾ ਹੋਣਾ ਵੀ ਸੁਹਣੇ ਪ੍ਰਬੰਧ ਦਾ ਸੂਚਕ ਸੀ, ਜਿਸ ਦਾ ਦਰਸ਼ਕਾਂ ਉੱਪਰ ਹਮੇਸ਼ਾਂ ਚੰਗਾ ਅਸਰ ਪੈਂਦਾ ਹੈ।

ਹੁਣ ਮੈਂ ਨਾਟਕਾਂ ਵੱਲ ਆਂਦਾ ਹਾਂ।

(1) **ਭਾਈ ਮੰਨਾ ਸਿੰਘ ਦਫ਼ਤਰ ਵਿਚ** : ਇਹ ਕਿਰਦਾਰ ਇਕ ਮਾਸਟਰਪੀਸ ਆਵਿਸ਼ਕਾਰ ਹੈ ਜਿਸ ਦੀਆਂ ਅਖੁੱਟ ਸੰਭਾਵਨਾਵਾਂ ਹਨ। ਏਥੇ ਆ ਕੇ ਖ਼ਬਰ ਮਿਲੀ ਕਿ ਬਿਹਾਰ ਇਪਟਾ ਦੇ ਕਿਸੇ ਕਲਾਕਾਰ ਜਾਂ ਲੇਖਕ ਨੇ ਲਾਲ ਸਿੰਘ ਨਾਂ ਦਾ ਹੂ-ਬ-ਹੂ ਏਸੇ ਕਿਸਮ ਦਾ ਕਿਰਦਾਰ ਨਿਰਮਾਣ ਕੀਤਾ ਹੈ। ਮੈਨੂੰ ਨਹੀਂ ਪਤਾ ਇਹ ਗੱਲ ਸੱਚ ਹੈ ਕਿ ਨਹੀਂ, ਜਾਂ ਉਸ ਕਿਰਦਾਰ ਦੀ ਮੰਨਾ ਸਿੰਘ ਨਾਲ ਕਿਤਨੀ ਕੁ ਸਮਾਨਤਾ ਹੈ। ਪਰ ਏਸ ਤੁਹਾਡੇ ਕਿਰਦਾਰ ਦਾ "ਸ੍ਵੈ-ਅਲਾਪੀ-ਪੁਣਾ" ਉਹਦੇ ਅੰਦਰ ਅਤੇ ਬਾਹਰ ਦੀ ਅਸਲੀਅਤ ਵਿਚ ਬੜੇ ਵਿਚਿੱਤਰ ਢੰਗ ਨਾਲ ਸੰਘਰਸ਼ ਪੈਦਾ ਕਰਦਾ ਹੈ, ਜੋ ਕਾਲਪਨਿਕ ਵੀ ਹੈ ਤੇ ਯਥਾਰਥਕ ਵੀ, ਗੰਭੀਰ ਵੀ ਅਤੇ ਮਜ਼ਾਹੀਆ ਵੀ, ਅਤੇ ਏਸ ਤੋਂ ਇਲਾਵਾ ਵਿਚਿੱਤਰ ਅਤੇ ਕੌਤਕਮਈ, ਕਾਵਿਮਈ ਅਤੇ ਸੰਗੀਤਮਈ ਵੀ।

ਮੈਂ ਏਸ ਕਿਰਦਾਰ ਲਈ ਤੁਹਾਨੂੰ ਬਹੁਤ ਮੁਬਾਰਿਕਬਾਦ ਦੇਣਾ ਚਾਹੁੰਦਾ ਹਾਂ। ਪਰ ਇਕ ਖ਼ਤਰੇ ਵੱਲੋਂ ਸੁਚੇਤ ਵੀ ਕਰਨਾ ਚਾਹੁੰਦਾ ਹਾਂ। ਜਿਨ੍ਹਾਂ ਪਰਿਸਥਿਤੀਆਂ ਵਿਚੋਂ ਮੰਨਾ ਸਿੰਘ ਲੰਘਦਾ ਹੈ ਉਹ ਲਾਜ਼ਮੀ ਤੌਰ ਉੱਤੇ ਭਾਵ-ਪੂਰਨ ਹੋਣਗੀਆਂ, ਕਿਉਂਕਿ ਨਾਟਕ ਰਸਾਂ ਦੀ ਖੇਡ ਹੈ, ਅਤੇ ਰਸਾਂ ਦਾ ਮਨੁੱਖ ਦੇ ਜਜ਼ਬਾਤ ਨਾਲ ਅਨਿੱਖੜਵਾਂ ਸਬੰਧ ਹੈ, ਪਰ ਇਨ੍ਹਾਂ ਜਜ਼ਬਾਤੀ ਪਰਸਥਿਤੀਆਂ ਵਿਚ ਮੰਨਾ ਸਿੰਘ ਨੂੰ ਆਪ ਕਦੇ "ਜਜ਼ਬਾਤੀ" ਨਹੀਂ ਹੋਣਾ ਚਾਹੀਦਾ। ਉਹਨੂੰ, ਜੋ ਇਕ ਅਜੇਹੀ ਸ਼ਖ਼ਸੀਅਤ ਦਾ ਪ੍ਰਤੀਕ ਹੈ, ਜੋ ਸੰਸਾਰ ਵਿਚ ਰਹਿੰਦਿਆਂ

ਵੀ ਸੰਸਾਰ ਦੀ ਖੇਡ ਨੂੰ ਪਿੜ ਤੋਂ ਬਾਹਰ ਖਲੋ ਕੇ ਵੇਖਣ ਦੀ ਸ਼ਕਤੀ ਰੱਖਦੀ ਹੈ, ਆਪਣੇ ਕਿਰਦਾਰ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ। ਭਾਵੇਂ ਖ਼ੁਦ ਉਹ ਇਕ ਕਿਰਦਾਰ ਹੈ, ਪਰ ਉਹ ਰਾਣੀ ਵੀ ਹੈ ਏਸ ਲਈ ਜਜ਼ਬਾਤ ਉਭਾਰਦਿਆਂ ਹੋਇਆਂ ਵੀ ਉਸ ਨੂੰ ਆਪਣਾ ਆਪ ਸੰਜਮ ਵਿਚ ਰੱਖਣਾ ਚਾਹੀਦਾ ਹੈ। ਮੰਨਾ ਸਿੰਘ ਦਾ ਆਪ ਗ਼ੈਰ-ਜਜ਼ਬਾਤੀ ਰਹਿਣਾ, ਦਰਸ਼ਕਾਂ ਦੇ ਜਜ਼ਬਾਤ ਨੂੰ ਹੋਰ ਵੀ ਤਿੱਖਾ ਕਰੇਗਾ। ਏਸ ਦ੍ਰਿਸ਼ਟੀਕੋਣ ਤੋਂ ਮੈਨੂੰ ਇਹ ਰੋਲ ਖੇਡਣ ਵੇਲੇ ਤੁਹਾਡਾ ਆਪ ਜਜ਼ਬਾਤੀ ਹੋ ਜਾਣਾ ਠੀਕ ਨਹੀਂ ਸੀ ਲੱਗਿਆ। ਅੰਤ ਵਿਚ ਤੁਹਾਡੇ ਲਈ ਹੰਝੂ ਰੋਕਣਾ ਔਖਾ ਹੋ ਰਿਹਾ ਸੀ।

(2) **ਮੁੱਠੀ ਭਰ ਚਾਵਲ** : ਸਾਰੇ ਪ੍ਰੋਗਰਾਮ ਵਿਚ ਮੈਨੂੰ ਇਹ ਇਕ ਨਾਟਕ ਬਹੁਤ ਕਮਜ਼ੋਰ ਜਾਪਿਆ ਸੀ। ਇਕ ਤਾਂ ਇਸ ਤੋਂ ਇਹ ਜ਼ਾਹਰ ਨਹੀਂ ਸੀ ਹੁੰਦਾ ਕਿ ਇਹਦਾ ਘਟਨਾ-ਸਥਲ ਕਿੱਥੋਂ ਦਾ ਹੈ। ਦੂਜੇ, ਲਿਖਣ ਅਤੇ ਖੇਡਣ ਵਾਲਿਆਂ ਦੋਨਾਂ ਦੇ ਉੱਪਰ, ਏਸ ਪ੍ਰਕਾਰ ਦੇ ਪਹਿਲਾਂ ਖੇਡੇ ਜਾ ਚੁੱਕੇ ਨਾਟਕ ਜਾਂ ਫਿਲਮਾਂ ਦਾ ਚੋਖਾ ਪ੍ਰਭਾਵ ਸੀ, ਜੋ ਪ੍ਰਗਤੀਵਾਦ ਦੇ ਬਚਗਾਨੇ ਦੌਰ ਦੀ ਪੈਦਾਵਾਰ ਸਨ—ਅਤੇ ਜਿਨ੍ਹਾਂ ਵਿਚ ਯਥਾਰਥ ਘੱਟ ਅਤੇ ਹੰਝੂ-ਕੇਰ ਜ਼ਿਆਦਾ ਵੇਖਣ ਵਿਚ ਆਉਂਦੀ ਸੀ। ਕਈ ਉਨ੍ਹਾਂ ਵਿਚੋਂ ਉੱਤਮ ਰਚਨਾਵਾਂ ਵੀ ਸਨ, ਪਰ ਲੀਕ ਪਿੱਟਣ ਨਾਲ ਬੰਦਾ ਮੁੱਢੋਂ ਹੀ ਦਰਸ਼ਕ ਦੀਆਂ ਨਜ਼ਰਾਂ ਵਿਚ ਅਤੇ ਆਪਣੀਆਂ ਵਿਚ ਵੀ ਕਸੂਰਵਾਰ ਬਣ ਜਾਂਦਾ ਹੈ।

(3) **ਪਲਾਨਿੰਗ** : ਬੜੀ ਹੀ ਵਧੀਆ ਕਿਰਤ ਸੀ ਜਿਸ ਦੇ ਸਕ੍ਰਿਪਟ ਦੀਆਂ ਕਮਜ਼ੋਰੀਆਂ ਨੂੰ ਮਿਸ ਕੰਵਲ, ਰਾਜ ਕੁਮਾਰ, ਹਰਭਜਨ ਅਤੇ ਸੁਰੇਸ਼ ਦੀ ਕਮਾਲ ਦੀ ਅਦਾਕਾਰੀ ਨੇ ਪੂਰੀ ਤਰ੍ਹਾਂ ਢੱਕ ਲਿਆ। ਥੋੜ੍ਹੀ ਜਿਹੀ ਹੋਰ ਰੀਹਰਸਲ ਤੇ ਪਾਲਿਸ਼ ਨਾਲ ਇਹ ਨਾਟਕ ਕਿਸੇ ਵੀ ਥਾਂ ਬੜੀ ਕਾਮਯਾਬੀ ਨਾਲ ਖੇਡਿਆ ਜਾ ਸਕਦਾ ਹੈ।

(4) ਏਸੇ ਤਰ੍ਹਾਂ ਗੁਰਦਿਆਲ ਸਿੰਘ ਫੁੱਲ ਜੀ ਦਾ ਨਾਟਕ **ਡਾਰਲਿੰਗ** ਵੀ ਅਤਿਅੰਤ ਰੌਚਕ ਅਤੇ ਬਹੁਤ ਸੁਹਣੀ ਤਰ੍ਹਾਂ ਪੇਸ਼ ਕੀਤਾ ਗਿਆ ਸੀ। ਏਥੇ ਕਲਾਕਾਰਾਂ ਦੇ ਸੁਘੜ ਅਭਿਨੈ ਨੇ ਲਿਖਣ ਦੀਆਂ ਕਮਜ਼ੋਰੀਆਂ ਦੀ ਥਾਂ ਡਾਇਰੈਕਸ਼ਨ ਦੀਆਂ ਖ਼ਾਮੀਆਂ ਉੱਪਰ ਪੜਦਾ ਪਾਇਆ। ਚਾਹ ਲਿਆਣ ਅਤੇ ਪਿਆਣ ਦਾ ਐਕਸ਼ਨ ਬਹੁਤ ਹਾਸੋ-ਹੀਣਾ ਅਤੇ ਕਮਜ਼ੋਰ ਸੀ। ਥੋੜ੍ਹੇ ਜਿਹੇ ਹੋਰ ਚਿੰਤਨ ਨਾਲ ਡਾਇਰੈਕਟਰ ਇਸ ਨਾਟਕ ਦੀ ਪੂਰੀ ਤਰ੍ਹਾਂ ਠੁਕ ਬਿਠਾ ਸਕਦਾ ਹੈ। ਲੇਡੀ ਵੈਲਫੇਅਰ ਵਰਕਰ ਦੇ ਚੰਦਾ ਲੈ ਕੇ ਜਾਣ ਪਿੱਛੋਂ ਝੱਟ ਅਫਸਰ ਦਾ ਆ ਜਾਣਾ, ਅਤੇ ਉਸੇ ਦੌਰਾਨ ਲੇਡੀ ਦਾ ਫੇਰ ਮੁੜ ਆਉਣਾ—ਏਥੇ ਮੈਨੂੰ ਕੁਝ ਗੜਬੜ-ਘੁਟਾਲਾ ਭਾਸਿਆ ਸੀ। ਹੁਣ ਮੈਨੂੰ ਠੀਕ-ਠੀਕ ਯਾਦ ਨਹੀਂ ਕੀ ਸੀ ਪਰ ਇਤਨਾ ਖ਼ਿਆਲ ਜ਼ਰੂਰ ਆਇਆ ਸੀ ਕਿ ਡਾਇਰੈਕਟਰ ਆਸਾਨੀ ਨਾਲ ਇਹਨੂੰ ਠੀਕ ਕਰ ਸਕਦਾ ਹੈ। ਰਾਜ ਕੁਮਾਰ ਅਤੇ ਮਿਸ ਆਸ਼ਾ ਦੀ ਐਕਟਿੰਗ ਖ਼ਾਸ ਵਰਣਨਯੋਗ ਹੈ।

(5) **ਭਾਈ ਮੰਨਾ ਸਿੰਘ ਚੁਰਾਹੇ 'ਤੇ** : ਫੇਰ ਇਕ ਬੜੀ ਅਨੋਖੀ ਅਤੇ ਦਿਲ ਨੂੰ ਟੁੰਬਣ ਵਾਲੀ ਰਚਨਾ ਸੀ। ਪਰ ਇਹ ਪ੍ਰਭਾਵ ਤੁਹਾਡੀ ਵਕਤੀ ਪ੍ਰੇਰਨਾ ਨੇ ਪੈਦਾ ਕੀਤਾ, ਇੰਜ ਮੈਨੂੰ ਮਹਿਸੂਸ ਹੋਇਆ ਸੀ। ਉਹਨੂੰ ਪਕੜ ਕੇ ਰੱਖਣ ਦੀ ਲੋੜ ਹੈ ਤਾਂ ਜੋ ਉਹ ਵਕਤੀ ਪ੍ਰੇਰਨਾ, ਜੋ ਕਦੇ ਆਂਦੀ ਹੈ ਕਦੇ ਨਹੀਂ, ਅਨਿਸ਼ਚਿਤ ਨਾ ਰਹੇ ਸਗੋਂ ਹਰ ਵਾਰੀ ਅਤੇ ਹਰ ਸ਼ੋ ਵਿਚ ਪ੍ਰਭਾਵ ਪਾਏ। ਇਸ ਲਈ ਸੂਖ਼ਮਤਾ ਨਾਲ ਵਾਰ-ਵਾਰ ਰੀਹਰਸਲ ਕਰਨ ਦੀ ਲੋੜ ਹੈ। ਮੰਨਾ

ਸਿੰਘ ਜਿਸ ਵੇਲੇ ਆਪਣੇ ਬੱਚੇ ਨੂੰ ਕੁੱਛੜ ਚੁੱਕ ਕੇ ਸੜਕ ਵੱਲ ਇੰਜ ਵੇਖਦਾ ਹੈ ਜਿਵੇਂ ਕਿਸੇ ਦੁਸ਼ਮਣ ਦਾ ਰਿਸਾਲਾ ਉਸ ਵੱਲ ਵਧਦਾ ਚਲਿਆ ਆ ਰਿਹਾ ਹੋਵੇ, ਜਿਸ ਕੋਲੋਂ ਉਹ ਆਪਣੇ ਬੱਚੇ ਦੀ ਜਾਨ ਦੇ ਕੇ ਵੀ ਰੱਖਿਆ ਕਰੇਗਾ, ਉਹ ਇਸ ਨਾਟਕ ਦਾ ਵਡ-ਮੁੱਲਾ ਛਿਣ ਸੀ।

(6) **ਨੇਤਰ-ਹੀਨ** : ਕਰਤਾਰ ਸਿੰਘ ਦੁੱਗਲ ਦਾ ਇਹ ਨਾਟਕ ਕਾਮਯਾਬ ਹੈ, ਪਰ ਬਹੁਤਾ ਨਹੀਂ। ਹੋ ਸਕਦਾ ਹੈ ਖੇਡਣ ਵਿਚ ਕਸਰ ਰਹਿ ਗਈ ਜਾਂ ਲੇਖਕ ਵੱਲੋਂ ਨਜ਼ਰ-ਸਾਨੀ ਦੀ ਲੋੜ ਹੈ। ਮਜ਼ਮੂਨ ਨਾਟਕ ਦਾ, ਦਲੇਰ ਅਤੇ ਗੰਭੀਰ ਹੈ। ਪਰ ਇਹੋ ਜਿਹੇ ਨਾਟਕ ਖੇਡਣੇ ਆਸਾਨ ਨਹੀਂ ਹੁੰਦੇ। ਇਨ੍ਹਾਂ ਵਿਚ ਡਾਇਲਾਗ ਦੀ ਅਦਾਇਗੀ ਦਾ ਰੌਂ ਵੀ ਸੁਭਾਵਕ ਨਹੀਂ ਰੱਖਿਆ ਜਾ ਸਕਦਾ, ਉਹ ਜਿਤਨਾ ਕਾਵਿ-ਮਈ ਹੋਵੇ ਉਤਨਾ ਹੀ ਚੰਗਾ ਰਹਿੰਦਾ ਹੈ। ਲਾਈਟਿੰਗ ਦੀ ਖੇਡ ਵੀ ਅਸਰ ਨੂੰ ਵਧਾਣ ਵਿਚ ਮਦਦਗਾਰ ਹੁੰਦੀ ਹੈ। ਸੈਟਿੰਗ ਵੀ, ਅਜਿਹੇ ਨਾਟਕ ਦੀ, ਸੰਕੇਤਕ ਹੋਣੀ ਚਾਹੀਦੀ ਹੈ।

(7) **ਇਕ ਮਾਂ ਦੋ ਮੁਲਕ:** ਮੇਰੀ ਰਾਏ ਵਿਚ ਇਸ ਸ਼ਾਮ ਦਾ ਸਭ ਤੋਂ ਵਧੀਆ ਲਿਖਿਆ ਨਾਟਕ ਸੀ ਜਿਸ ਲਈ ਹਰਸ਼ਰਨ ਸਿੰਘ ਹੁਰੀਂ ਮੁਬਾਰਿਕਬਾਦ ਦੇ ਮੁਸਤਹੱਕ ਹਨ। ਪਰ ਰੀਹਰਸਲਾਂ ਦੀ ਘਾਟ ਅਤੇ ਅਭਿਨੈ ਦੀ ਕਮਜ਼ੋਰੀ ਸਾਫ਼ ਪ੍ਰਗਟ ਹੋ ਰਹੀ ਸੀ। ਇਨ੍ਹਾਂ ਸਾਰੀਆਂ ਸੱਟਾਂ ਨੂੰ ਬਰਦਾਸ਼ਤ ਕਰਦਾ ਹੋਇਆ ਵੀ ਨਾਟਕ ਕਿਵੇਂ ਨਾ ਕਿਵੇਂ ਆਪਣੀ ਮੰਜ਼ਲ 'ਤੇ ਪੁੱਜ ਗਿਆ, ਅਤੇ ਦਰਸ਼ਕਾਂ ਨੂੰ ਨਾ-ਪਸੰਦ ਨਹੀਂ ਹੋਇਆ, ਇਹਨੂੰ ਲੇਖਕ ਦੀ ਹੀ ਜਿੱਤ ਕਿਹਾ ਜਾ ਸਕਦਾ ਹੈ। ਆਸ ਹੈ ਇਸ ਸੁਹਣੇ ਨਾਟਕ ਨੂੰ ਹੁਣ ਤੀਕਰ ਤੁਸਾਂ ਸੁਹਣੀ ਤਰ੍ਹਾਂ ਤਿਆਰ ਕਰ ਲੀਤਾ ਹੋਵੇਗਾ।

ਅੰਤ ਮੈਂ ਫੇਰ ਬੇਨਤੀ ਕਰਾਂਗਾ ਕਿ ਉਸ ਸ਼ਾਮ ਦਾ ਪ੍ਰੋਗਰਾਮ ਬਾਰ-ਬਾਰ ਪਬਲਿਕ ਨੂੰ ਦਿਖਾਣ-ਯੋਗ ਹੈ। ਮਿਯਾਰ ਬਾਕੀ ਪ੍ਰਾਂਤਾਂ ਦੇ ਮੁਕਾਬਲੇ ਜ਼ਰਾ ਵੀ ਨੀਵੇਂ ਨਹੀਂ। ਸਗੋਂ ਇਹ ਸੋਚ ਅਤੇ ਜਾਣ ਕੇ ਬੜੀ ਖ਼ੁਸ਼ੀ ਹੁੰਦੀ ਹੈ ਕਿ ਤੁਹਾਡੇ ਮੰਡਲ ਦੇ ਕਲਾਕਾਰਾਂ ਨੇ ਇਤਨੀ ਛੇਤੀ ਪੰਜਾਬੀ ਨਾਟਕ ਨੂੰ ਮਜ਼ਬੂਤੀ ਨਾਲ ਆਪਣੇ ਪੈਰਾਂ ਉੱਤੇ ਖੜ੍ਹਾ ਕਰ ਦਿੱਤਾ ਹੈ। ਇਹਨੂੰ ਤੁਸੀਂ ਬੰਬਈ ਵੀ ਅਵੱਸ਼ ਆ ਕੇ ਪੇਸ਼ ਕਰੋ। ਇਸ ਕੰਮ ਦੀਆਂ ਤਿਆਰੀਆਂ ਹੁਣ ਤੋਂ ਅਰੰਭ ਕਰ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਆਉਂਦੇ ਸਿਆਲੇ ਤੁਸੀਂ ਇਨ੍ਹਾਂ ਨਾਟਕਾਂ ਨੂੰ ਬੰਬਈ ਵਿਚ ਅਵੱਸ਼ ਖੇਡ ਸਕੋ। ਮੈਂ ਏਸ ਸਿਲਸਿਲੇ ਵਿਚ ਜੋ ਵੀ ਤੁਹਾਡੀ ਸਹਾਇਤਾ ਕਰ ਸਕਾਂ ਆਪਣਾ ਕਰਤੱਵ ਸਮਝਾਂਗਾ।

ਬਿਨੇ ਪੂਰਵਕ
ਬਲਰਾਜ ਸਾਹਨੀ

*(ਯਾਦ ਰਹੇ ਕਿ ਬਲਰਾਜ ਸਾਹਨੀ ਉਸ ਵੇਲੇ ਆਪਣੀ ਕਲਾਤਮਕ ਪੁਖ਼ਤਗੀ ਦੇ ਦੌਰ ਵਿਚ ਸਨ ਅਤੇ ਭਾਅ ਜੀ ਗੁਰਸ਼ਰਨ ਸਿੰਘ ਆਪਣੇ ਸਵੈ-ਅਧਿਐਨ ਤੇ ਸਾਧਨਾ ਦੇ ਪਹਿਲੇ ਦੌਰ ਵਿਚ ਸਨ।*
*—ਸੰਪਾਦਕ)*